## 7

# ਅਸੀਂ ਯਿਸੂ ਨੂੰ ਕਿਵੇਂ ਵੇਖੀਏ?

ਯੂਨੀਵਰਸਟੀ ਦੇ ਵਿਦਿਆਰਥੀਆਂ ਨੂੰ ਆਮ ਤੌਰ ਤੇ ਸ਼ੋਧ ਕਰਨ ਲਈ ਪ੍ਰੋਜੈਕਟ ਦਿੱਤੇ ਜਾਂਦੇ ਹਨ। ਸ਼ੋਧ ਕਰਨਾ ਉਨ੍ਹਾਂ ਨੂੰ ਖੁਸ਼ੀ ਨਹੀਂ ਦਿੰਦਾ। ਸ਼ੋਧ ਬਾਰੇ ਉਨ੍ਹਾਂ ਦੀ ਬੇਰੁਖੀ ਦੇ ਦੋ ਕਾਰਣ ਹੋ ਸਕਦੇ ਹਨ। ਪਹਿਲਾ, ਸ਼ੋਧ ਕਰਨ ਲਈ ਬੜੀ ਮਿਹਨਤ ਕਰਨੀ ਪੈਂਦੀ ਹੈ। ਕਿਸੇ ਨੇ ਕਿਹਾ ਹੈ, ''ਮੈਨੂੰ ਪੜ੍ਹਨਾ ਚੰਗਾ ਨਹੀਂ ਲਗਦਾ ਪਰ ਜੇ ਕੋਈ ਮੈਨੂੰ ਪੜ੍ਹ ਕੇ ਸੁਣਾ ਦਏ ਤਾਂ ਚੰਗਾ ਲੱਗਦਾ ਹੈ।'' ਬਹੁਤ ਸਾਰੇ ਵਿਦਿਆਰਥੀ ਸ਼ੋਧ ਕਰਨਾ ਪਸੰਦ ਨਹੀਂ ਕਰਦੇ, ਪਰ ਜੇ ਕੋਈ ਉਨ੍ਹਾਂ ਲਈ ਸ਼ੋਧ ਕਰ ਦੇਵੇ ਤਾਂ ਉਹ ਖੁਸ਼ ਹੋ ਜਾਂਦੇ ਹਨ। ਦੂਜਾ, ਸ਼ੋਧ ਦਾ ਜ਼ਿਆਦਾਤਰ ਕੰਮ ਨਾ ਮੁੱਕਣ ਵਾਲਾ ਹੁੰਦਾ ਹੈ। ਸ਼ੋਧ ਤੋਂ ਪਤਾ ਲਗ ਜਾਂਦਾ ਹੈ ਕਿ ਸਾਨੂੰ ਕੀ ਪਤਾ ਹੈ ਅਤੇ ਕੀ ਨਹੀਂ, ਅਤੇ ਕਈ ਵਾਰ ਤਾਂ ਸਾਡੀ ਅਗਿਆਨਤਾ ਸਾਡੇ ਗਿਆਨ ਨਾਲੋਂ ਵਧੇਰੇ ਉੱਘੜ ਕੇ ਸਾਹਮਣੇ ਆ ਜਾਂਦੀ ਹੈ। ਹੋ ਸਕਦਾ ਹੈ ਕਿ ਕੋਈ ਵਿਦਿਆਰਥੀ ਸ਼ੋਧ ਦੇ ਕਿਸੇ ਕੰਮ ਨੂੰ ਇਹ ਕਹਿ ਕੇ ਮੁਕਾਵੇ, ''ਇਸ ਸ਼ੋਧ ਨੂੰ ਸ਼ੁਰੂ ਕਰਨ ਤੋਂ ਪਹਿਲਾਂ, ਮੈਨੂੰ ਇਸ ਬਾਰੇ ਬਿਲਕੁਲ ਵੀ ਇਲਮ ਨਹੀਂ ਸੀ। ਪਰ ਹੁਣ ਜਦ ਇਹ ਕੰਮ ਪੂਰਾ ਹੋ ਗਿਆ ਹੈ ਤਾਂ ਮੈਂ ਜਾਣਦਾ ਹਾਂ ਕਿ ਹੋਰਨਾਂ ਨੂੰ ਇਸ ਵਿਸ਼ੇ ਦਾ ਕੋਈ ਗਿਆਨ ਨਹੀਂ ਹੈ!'' ਅਜਿਹਾ ਨਿਚੋੜ ਬਹੁਤ ਹੀ ਨਿਰਾਸ਼ਾਜਨਕ ਹੋ ਸਕਦਾ ਹੈ।

ਅਸੀਂ ਸਭ ਕੁਝ ਖ਼ਾਸ ਮਹੱਤਵ ਵਾਲੇ ਵਿਸ਼ਿਆਂ ਦੇ ਬਾਰੇ ਸੱਚਾਈ ਜਾਣਨਾ ਚਾਹੁੰਦੇ ਹਾਂ। ਕਿਸੇ ਨਿਚੋੜ ਤੇ ਨਾ ਪੁੱਜਣ ਵਾਲੀ ਅਧੂਰੀ ਚਰਚਾ ਤੋਂ ਅਸੀਂ ਸੰਤੁਸ਼ਟ ਨਹੀਂ ਹੁੰਦੇ। ਯਿਸੂ ਮਸੀਹ ਦੇ ਸਬੰਧ ਵਿਚ ਇਹ ਗੱਲ ਖ਼ਾਸ ਤੌਰ ਤੇ ਲਾਗੂ ਹੁੰਦੀ ਹੈ। ਅਸੀਂ ਉਹਦੇ ਬਾਰੇ ਕਿਸੇ ਦੇ ਵਿਚਾਰ ਜਾਂ ਉਹਦੇ ਬਾਰੇ ਗੋਲ ਮੋਲ ਸਿੱਖਿਆਵਾਂ ਨੂੰ ਨਹੀਂ ਸੁਣਨਾ ਚਾਹੁੰਦੇ; ਅਸੀਂ ਉਹਦੇ ਬਾਰੇ ਸੱਚਾਈ ਜਾਣਨਾ ਚਾਹੁੰਦੇ ਹਾਂ। ਉਹਦੇ ਬਾਰੇ ਸਾਡੇ ਡੂੰਘੇ ਸਵਾਲ ਸਪਸ਼ਟ ਅਤੇ ਪ੍ਰਸੰਗਕ ਹੁੰਦੇ ਹਨ ਕਿ ਯਿਸੂ ਕੌਣ ਹੈ? ਕੀ ਉਹ ਸੱਚਮੁੱਚ ਪ੍ਰਮੇਸ਼ਵਰ ਦਾ ਪੁੱਤਰ ਹੈ? ਉਹ ਜ਼ਿੰਦਗੀ ਅਤੇ ਮੁਕਤੀ ਬਾਰੇ ਕੀ ਦੱਸਦਾ ਹੈ?

ਬਾਈਬਲ ਹੀ ਇੱਕੋ ਸਹੀ ਕਿਤਾਬ ਹੈ। ਪ੍ਰਮੇਸ਼ਵਰ ਨੇ ਇਹ ਸਾਨੂੰ ਇਸੇ ਲਈ ਦਿੱਤੀ ਤਾਂ ਜੋ ਅਸੀਂ ਉਹਦੀਆਂ ਗੱਲਾਂ ਨੂੰ ਚੰਗੀ ਤਰ੍ਹਾਂ ਸਮਝ ਸਕੀਏ (2 ਪਤਰਸ 1:3)। ਪ੍ਰਮੇਸ਼ਵਰ ਨਹੀਂ ਚਾਹੁੰਦਾ ਕਿ ਅਸੀਂ ਜ਼ਿੰਦਗੀ ਭਰ ਯਿਸੂ ਬਾਰੇ ਕੋਈ ਫ਼ੈਸਲਾ ਹੀ ਨਾ ਲਈਏ। ਉਹ ਚਾਹੁੰਦਾ ਹੈ ਕਿ ਸਾਨੂੰ ਪਤਾ ਲਗ ਜਾਵੇ ਕਿ ਯਿਸੂ ਕੌਣ ਹੈ ਅਤੇ ਉਹ ਕੀ ਕਰਨ ਲਈ ਧਰਤੀ ਉੱਤੇ ਆਇਆ। ਉਹ ਸਾਨੂੰ ਉਹਦੇ ਬਾਰੇ ਸੱਚਾਈ ਦੱਸਣਾ ਚਾਹੁੰਦਾ ਹੈ ਤਾਂ ਜੋ ਅਸੀਂ ਉਸ ਸੱਚਾਈ ਦੇ ਭਰੋਸੇ ਅਤੇ ਦਲੇਰੀ ਨਾਲ ਆਪਣੇ ਜੀਵਨ ਬਚਾ ਸਕੀਏ।

ਬਾਈਬਲ ਸਾਨੂੰ ਯਿਸੂ ਦੀ ਇੱਕੋ ਇਕ ਭਰੋਸੇ ਯੋਗ ਤਸਵੀਰ ਦਿੰਦੀ ਹੈ। ਇਹ ਸਾਨੂੰ ਦੋ

ਤਰ੍ਹਾਂ ਨਾਲ ਦੱਸਦੀ ਹੈ ਕਿ ਉਹ ਕੌਣ ਹੈ: ਪਹਿਲਾਂ, ਇਹ ਧਿਆਨ ਦੇ ਕੇ ਕਿ ਉਸ ਨੂੰ ਬਾਈਬਲ ਵਿਚ ਕੀ ਕਿਹਾ ਗਿਆ ਹੈ, ਸਾਨੂੰ ਪਤਾ ਲਗਦਾ ਹੈ ਕਿ ਉਹ ਕੌਣ ਹੈ। ਫਿਰ ਅਸੀਂ ਉਹਦੇ ਖ਼ਾਸ ਗੁਣ ਵੇਖ ਕੇ ਜਾਣਦੇ ਹਾਂ ਕਿ ਉਹ ਕੌਣ ਹੈ।

ਆਓ ਧਿਆਨ ਨਾਲ ਵੇਖੀਏ ਕਿ ਬਾਈਬਲ ਵਿਚ ਉਸ ਨੂੰ ਕੀ ਕਿਹਾ ਗਿਆ ਹੈ। ਜੇ ਸਾਡੇ ਭਰੋਸੇ ਦਾ ਕੋਈ ਬੰਦਾ ਕਿਸੇ ਨਾਲ ਸਾਡੀ ਪਛਾਣ ਕਰਵਾਏ ਅਤੇ ਦੱਸੇ ਕਿ ਉਹ ਇਕ ਪ੍ਰਚਾਰਕ ਅਤੇ ਵਚਨ ਸਿਖਾਉਣ ਵਾਲਾ ਹੈ, ਤਾਂ ਸਾਨੂੰ ਪਤਾ ਲੱਗ ਜਾਵੇਗਾ ਕਿ ਉਹ ਬੰਦਾ ਕੌਣ ਅਤੇ ਕਿਹੋ ਜਿਹਾ ਹੈ। ''ਪ੍ਰਚਾਰਕ'' ਜਾਂ ''ਵਚਨ ਸਿਖਾਉਣ ਵਾਲਾ'' ਸ਼ਬਦ ਸਾਡੇ ਸਾਹਮਣੇ ਉਸ ਬੰਦੇ ਦੀ ਇਕ ਵੱਖਰੀ ਤਸਵੀਰ ਪੇਸ਼ ਕਰਦੇ ਹਨ।

ਪਵਿੱਤਰ ਬਾਈਬਲ ਯਿਸੂ ਦੀ ਪਛਾਣ ਕਰਾਉਣ ਵਿਚ ਕੋਈ ਸ਼ੱਕ ਨਹੀਂ ਰਹਿਣ ਦਿੰਦੀ। ਉਹਦੇ ਲਈ ਖ਼ਾਸ ਕਰਕੇ ਉਨ੍ਹਾਂ ਹੀ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਜਿਨ੍ਹਾਂ ਨੂੰ ਸਮਝਣ ਵਿਚ ਗ਼ਲਤੀ ਨਹੀਂ ਹੋ ਸਕਦੀ। ਧਿਆਨ ਨਾਲ ਅਧਿਐਨ ਕਰਨ ਤੇ ਕਿ ਪਵਿੱਤਰ ਬਾਈਬਲ ਵਿਚ ਯਿਸੂ ਨੂੰ ਕੀ ਕਹਿ ਕੇ ਪੁਕਾਰਿਆ ਗਿਆ ਹੈ, ਸਾਨੂੰ ਸਮਝ ਆ ਜਾਂਦੀ ਹੈ ਕਿ ਉਹ ਕੌਣ ਹੈ।

## ਉਹ ਸਾਡਾ ਮੁਕਤੀਦਾਤਾ ਹੈ

ਪਹਿਲਾਂ, ਪਵਿੱਤਰ ਬਾਈਬਲ ਵਿਚ ਯਿਸੂ ਨੂੰ ''ਮੁਕਤੀਦਾਤਾ'' ਆਖਿਆ ਗਿਆ ਹੈ। ''ਮੁਕਤੀਦਾਤਾ'' ਸ਼ਬਦ ਉਹਦੇ ਲਈ ਵਰਤਿਆ ਜਾਂਦਾ ਹੈ ਜੋ ਦੂਸਰਿਆਂ ਨੂੰ ਗੰਭੀਰ ਖ਼ਤਰੇ ਤੋਂ ਬਚਾਉਂਦਾ ਹੈ।

ਮੱਤੀ ਦੁਆਰਾ ਲਿਖੇ ਯਿਸੂ ਦੇ ਜਨਮ ਦੇ ਵਿਰਤਾਂਤ ਵਿਚ ਜ਼ਿਕਰ ਹੈ ਕਿ ਫ਼ਰਿਸ਼ਤੇ ਨੇ ਯੂਸਫ਼ ਨੂੰ, ਜਿਸ ਨੇ ਯਿਸੂ ਦਾ ਸੰਸਾਰਕ ਪਿਤਾ ਹੋਣਾ ਸੀ, ਸੁਫ਼ਨੇ ਵਿਚ ਦਰਸ਼ਣ ਦਿੱਤਾ ਸੀ। ਫ਼ਰਿਸ਼ਤੇ ਨੇ ਆਖਿਆ:

> ... ਹੇ ਯੂਸਫ਼ ਦਾਊਦ ਦੇ ਪੁੱਤਰ ਤੂੰ ਆਪਣੀ ਪਤਨੀ ਮਰੀਅਮ ਨੂੰ ਆਪਣੇ ਘਰ ਲਿਆਉਣ ਤੋਂ ਨਾ ਡਰ ਕਿਉਂਕਿ ਜਿਹੜਾ ਪੁੱਤਰ ਉਹ ਦੇ ਕੁੱਖ ਵਿਚ ਆਇਆ ਹੈ ਉਹ ਪਵਿੱਤਰ ਆਤਮਾ ਤੋਂ ਹੈ। ਅਤੇ ਉਹ ਪੁੱਤਰ ਜਣੇਗੀ ਅਤੇ ਤੂੰ ਉਹ ਦਾ ਨਾਮ ਯਿਸੂ ਰੱਖੀਂ ਕਿਉਂ ਜੋ ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ (ਮੱਤੀ 1:20, 21)।

ਜਿਵੇਂ ਕਿ ਤੁਸੀਂ ਵੇਖ ਸਕਦੇ ਹੋ, ਕਿ ਯਿਸੂ ਕੋਈ ਆਮ ਬਚਾਉਣ ਵਾਲਾ ਨਹੀਂ ਸੀ; ਉਹਨੇ ਸਭ ਤੋਂ ਨਿਰਾਲਾ ਮੁਕਤੀ ਦਾਤਾ ਹੋਣਾ ਸੀ। ਜੇ ਕੋਈ ਕਿਸੇ ਬੱਚੇ ਨੂੰ ਅੱਗ ਨਾਲ ਸੜ ਰਹੀ ਇਮਾਰਤ 'ਚੋਂ ਬਚਾਵੇ ਤਾਂ ਅਸੀਂ ਉਸ ਨੂੰ ਉਸ ਬੱਚੇ ਦਾ ਬਚਾਉਣ ਵਾਲਾ ਆਖਦੇ ਹਾਂ। ਜੇ ਕੋਈ ਭੁੱਖ ਨਾਲ ਮਰ ਰਹੇ ਲੋਕਾਂ ਨੂੰ ਖਾਣਾ ਖੁਆਵੇ ਤਾਂ ਉਸ ਨੂੰ ਲੋਕਾਂ ਦਾ ਬਚਾਉਣ ਵਾਲਾ ਆਖਿਆ ਜਾਂਦਾ ਹੈ। ਪਵਿੱਤਰ ਬਾਈਬਲ ਦੇ ਅਨੁਸਾਰ ਯਿਸੂ ਸਾਨੂੰ ਸਾਡੇ ਪਾਪਾਂ ਤੋਂ ਬਚਾਉਂਦਾ ਹੈ। ਉਹ ਸਾਡਾ ਰੂਹਾਨੀ ਬਚਾਉਣ ਵਾਲਾ ਭਾਵ ਮੁਕਤੀਦਾਤਾ ਹੈ।

ਹਰ ਜ਼ਿੰਮੇਵਾਰ ਇਨਸਾਨ ਨੂੰ ਆਪਣੀ ਸਭ ਤੋਂ ਵੱਡੀ ਮੁਸ਼ਕਲ ਦੇ ਰੂਪ ਵਿਚ ਪਾਪ ਦੇ ਦੋਸ਼ ਦਾ ਸਾਹਮਣਾ ਕਰਨਾ ਹੀ ਪੈਂਦਾ ਹੈ। ਕਿਸੇ ਨੇ ਕਿਹਾ ਹੈ ਕਿ ਜੇ ਅਸੀਂ ਆਪਣੇ ਗਲੇ ਵਿਚ ਟੇਪ ਰਿਕਾਡਰ ਬੰਨ੍ਹ ਲਈਏ ਅਤੇ ਅਠਤਾਲੀ ਘੰਟਿਆਂ ਵਿਚ ਜੋ ਵੀ ਸ਼ਬਦ ਸਾਡੇ ਮੂੰਹੋਂ ਨਿੱਕਲਣ ਉਨ੍ਹਾਂ ਨੂੰ ਰਿਕਾਰਡ ਕਰ ਲਈਏ ਤਾਂ ਸਾਨੂੰ ਪਤਾ ਲੱਗ ਜਾਵੇਗਾ ਕਿ ਅਸੀਂ ਪਾਪੀ ਹਾਂ। ਜੇ ਅਸੀਂ

ਬੈਠ ਕੇ ਹਰ ਸ਼ਬਦ ਨੂੰ ਗੌਰ ਨਾਲ ਸੁਣੀਏ, ਹਰ ਸ਼ਬਦ ਦੇ ਕਾਰਣ ਤੇ ਗੌਰ ਕਰੀਏ, ਆਪਣੇ ਬੋਲਣ ਦੇ ਲਹਿਜ਼ੇ ਤੇ ਧਿਆਨ ਦੇਈਏ ਤਾਂ ਯਕੀਨਨ ਹੀ ਅਸੀਂ ਇਹੀ ਨਿਚੋੜ ਕੱਢਾਂਗੇ ਕਿ ਅਸੀਂ ਹਰ ਸਮੇਂ ਉਹ ਕੁਝ ਨਹੀਂ ਬੋਲੇ ਜੋ ਸਾਨੂੰ ਬੋਲਣਾ ਚਾਹੀਦਾ ਸੀ। ਇਸੇ ਤਰ੍ਹਾਂ ਅਸੀਂ ਆਪਣੀ ਜ਼ਿੰਦਗੀ ਦੇ ਅਠਤਾਲੀ ਘੰਟਿਆਂ ਦੀ ਫ਼ਿਲਮ ਵੀ ਬਣਾ ਸਕਦੇ ਹਾਂ। ਆਪਣੇ ਹਰ ਕੰਮ ਅਤੇ ਵਿਹਾਰ ਦੀ ਜਾਂਚ ਕਰਨ ਤੇ ਸਾਨੂੰ ਅਸਾਨੀ ਨਾਲ ਪਤਾ ਲਗ ਸਕਦਾ ਹੈ ਕਿ ਅਸੀਂ ਪਾਪੀ ਹਾਂ। ਜਦ ਅਸੀਂ ਅਕਸਰ ਉਹ ਕੰਮ ਕਰਦੇ ਹਾਂ ਜੋ ਸਾਨੂੰ ਨਹੀਂ ਕਰਨਾ ਚਾਹੀਦਾ ਅਤੇ ਉਹ ਕੰਮ ਨਹੀਂ ਕਰਦੇ ਜੋ ਸਾਨੂੰ ਕਰਨਾ ਚਾਹੀਦਾ ਸੀ ਤਾਂ ਸੱਚਾਈ ਸਾਨੂੰ ਡਾਂਟਦੀ ਹੈ। ਇਹ ਦੱਸਣ ਲਈ ਕਿ ਅਸੀਂ ਪਾਪੀ ਹਾਂ, ਸਾਨੂੰ ਬਾਈਬਲ ਦੀ ਵੀ ਲੋੜ ਨਹੀਂ ਹੈ। ਜਦ ਅਸੀਂ ਆਪਣੀਆਂ ਗੱਲਾਂ ਅਤੇ ਆਪਣਿਆਂ ਕੰਮਾਂ ਤੇ ਗੌਰ ਕਰਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਅਸੀਂ ਪਾਪੀ ਹਾਂ। ਫਿਰ ਵੀ ਬਾਈਬਲ ਸਾਡੇ ਬਾਰੇ ਇਸ ਸੱਚਾਈ ਦਾ ਐਲਾਨ ਸਾਫ਼ ਸਾਫ਼ ਕਰਦੀ ਹੈ। ਪੌਲੁਸ ਨੇ ਮਸੀਹੀ ਲੋਕਾਂ ਨੂੰ ਯਾਦ ਦਵਾਇਆ ਸੀ ਕਿ ''... ਕੋਈ ਧਰਮੀ ਨਹੀਂ, ਇਕ ਵੀ ਨਹੀਂ'' (ਰੋਮੀਆਂ 3:10)।

ਸਾਡੇ ਪਾਪ ਦਾ ਕੀ ਕੀਤਾ ਜਾ ਸਕਦਾ ਹੈ? ਅਸੀਂ ਆਪਣੇ ਆਪ ਨੂੰ ਮਾਫ਼ੀ ਨਹੀਂ ਦੁਆ ਸਕਦੇ। ਸਾਡਾ ਪਾਪ ਦੂਸਰੇ ਲੋਕਾਂ ਦੇ ਖ਼ਿਲਾਫ਼ ਹੀ ਨਹੀਂ ਸਗੋਂ ਪ੍ਰਮੇਸ਼ਵਰ ਦੇ ਖ਼ਿਲਾਫ਼ ਵੀ ਹੁੰਦਾ ਹੈ। ਕੌਣ ਹੈ ਜੋ ਸਾਡੀ ਸਭ ਤੋਂ ਅਹਿਮ ਲੋੜ ਵਿਚ ਸਾਡੀ ਮਦਦ ਕਰ ਸਕਦਾ ਹੋਵੇ? ਮਨੋਵਿਗਿਆਨ ਸਾਨੂੰ ਮਾਫ਼ੀ ਨਹੀਂ ਦੇ ਸਕਦਾ। ਇਹ ਕਹਿਣ ਨਾਲ ਵੀ ਕਿ ਅਸੀਂ ਪਾਪੀ ਨਹੀਂ ਹਾਂ, ਅਸੀਂ ਪਾਪ ਤੋਂ ਬਚ ਨਹੀਂ ਸਕਦੇ। ਫਿਰ ਕੀ ਕੀਤਾ ਜਾ ਸਕਦਾ ਹੈ? ਇਸ ਨਿਰਾਸ਼ਾ ਦੀ ਹਾਲਤ ਵਿਚ ਸਾਡੇ ਲਈ ਪ੍ਰਮੇਸ਼ਵਰ ਦਾ ਜਵਾਬ ਯਿਸੂ ਹੈ। ਯੂਸਫ਼ ਨੂੰ ਦੱਸਿਆ ਗਿਆ ਸੀ ਕਿ ਉਸ ਕੰਮ ਕਰਕੇ ਜੋ ਯਿਸੂ ਨੇ ਧਰਤੀ ਤੇ ਪੂਰਾ ਕਰਨਾ ਸੀ ਉਸ ਦਾ ਨਾਮ ਸਵਰਗ ਵਿਚ ਹੀ ਰੱਖਿਆ ਗਿਆ ਸੀ। ਉਹਦੇ ਜਨਮ ਤੇ ਫ਼ਰਿਸ਼ਤੇ ਨੇ ਫ਼ਲਸਤੀਨ ਦੀ ਪਹਾੜੀ ਤੇ ਚਰਵਾਹਿਆਂ ਵਿਚ ਇਹ ਐਲਾਨ ਕੀਤਾ ਸੀ, ''ਦਾਊਦ ਦੇ ਨਗਰ ਵਿਚ ਅੱਜ ਤੁਹਾਡੇ ਲਈ ਇਕ ਮੁਕਤੀ ਦਾਤਾ ਪੈਦਾ ਹੋਇਆ ਹੈ, ਜਿਹੜਾ ਮਸੀਹ ਪ੍ਰਭੂ ਹੈ'' (ਲੂਕਾ 2:11)। ਯਿਸੂ ਦਾ ਇਸ ਧਰਤੀ ਤੇ ਆਉਣ ਦਾ ਵੱਡਾ ਮਕਸਦ ਸਾਨੂੰ ਸਾਡੇ ਪਾਪਾਂ ਤੋਂ ਬਚਾਉਣਾ ਸੀ (1 ਕੁਰਿੰਥੀਆਂ 15:3)।

ਨੈਪੋਲਿਅਨ ਦੀ ਫ਼ੌਜ ਦੇ ਇਕ ਸਿਪਾਹੀ ਦੀ ਲੂੰ-ਕੰਡੇ ਖੜੇ ਕਰਨ ਵਾਲੀ ਕਹਾਣੀ ਹੈ। ਉਹ ਇਕ ਬਹਾਦਰ ਅਤੇ ਵਫ਼ਾਦਾਰ ਸਿਪਾਹੀ ਸੀ। ਲੜਾਈ ਦੌਰਾਨ, ਆਪਣੇ ਤੰਬੂ ਵਿਚ ਉਹ ਆਪਣੀਆਂ ਜ਼ਿੰਮੇਵਾਰੀਆਂ ਅਤੇ ਪਰਿਵਾਰ ਦੀਆਂ ਸੋਚਾਂ ਵਿਚ ਡੁੱਬ ਗਿਆ। ਇਕ ਕਾਗਜ਼ ਤੇ ਉਸ ਨੇ ਆਪਣਾ ਸਾਰਾ ਕਰਜ਼ਾ ਅਤੇ ਜਿੰਨਾ ਪੈਸਾ ਪਰਿਵਾਰ ਨੂੰ ਚਲਾਉਣ ਲਈ ਚਾਹੀਦਾ ਸੀ, ਸਭ ਲਿਖ ਦਿੱਤਾ। ਇਹ ਸੋਚ ਕੇ ਕਿ ਐਨਾ ਕਰਜ਼ਾ ਲਾਹੁਣ ਅਤੇ ਪਰਿਵਾਰ ਦਾ ਖ਼ਰਚ ਚਲਾਉਣ ਲਈ ਉਹਦੇ ਕੋਲ ਪੈਸੇ ਨਹੀਂ ਹਨ, ਉਹ ਪਰੇਸ਼ਾਨ ਹੋ ਗਿਆ। ਦੁਖੀ ਹੋ ਕੇ ਉਸ ਨੇ ਹਿਸਾਬ ਕੀਤੇ ਕਾਗਜ਼ ਦੇ ਹੇਠਾਂ ਇਕ ਪਾਸੇ ਲਿਖ ਦਿੱਤਾ, ''ਐਨਾ ਕਰਜ਼ਾ ਕੌਣ ਲਾਹੇਗਾ?'' ਹਾਰ ਮੰਨ ਕੇ, ਬਾਂਹ ਸਿਰ ਹੇਠਾਂ ਰੱਖ ਕੇ ਉਹ ਸੌਂ ਗਿਆ। ਸਿਪਾਹੀ ਨੂੰ ਧਿਆਨ ਨਾ ਰਿਹਾ, ਤਦੇ ਨੈਪੋਲਿਅਨ ਆਪਣੇ ਸਿਪਾਹੀਆਂ ਦੀ ਹਾਲਤ ਵੇਖਣ ਅਤੇ ਉਨ੍ਹਾਂ ਦਾ ਹੌਸਲਾ ਵਧਾਉਣ ਲਈ ਛਾਉਣੀ ਵਿਚ ਆਇਆ। ਇਸ ਸਿਪਾਹੀ ਦੇ ਤੰਬੂ ਕੋਲੋਂ ਦੀ ਲੰਘਦਿਆਂ, ਇਹ ਵੇਖਣ ਲਈ ਕਿ ਸਿਪਾਹੀ ਕੀ ਕਰ ਰਿਹਾ ਹੈ, ਉਸ ਨੇ ਅਵਾਜ਼ ਮਾਰੀ। ਪਰ ਕੋਈ ਜਵਾਬ ਨਾ ਆਇਆ। ਉਹਨੇ ਅੱਗੇਵਧ ਕੇ ਅੰਦਰ ਵੇਖਿਆ। ਉਹਨੇ ਸੁੱਤੇ ਪਏ ਸਿਪਾਹੀ ਨੂੰ ਅਤੇ ਕਾਗਜ਼ ਹੇਠਾਂ ਇਕ ਪਾਸੇ ਜਜ਼ਬਾਤੀ ਸਵਾਲ ਲਿਖਿਆ ਵੇਖਿਆ। ਨੈਪੋਲਿਅਨ ਨੇ ਝੁਕ ਕੇ ਉਹਦਾ ਪੈੱਨ ਚੁੱਕਿਆ ਅਤੇ ਉਸ ਸਵਾਲ ਦੇ ਹੇਠਾਂ ਲਿਖ ਦਿੱਤਾ, ''ਮੈਂ ਲਾਹਵਾਂਗਾ'' ਅਤੇ ਹੇਠਾਂ ਆਪਣੇ ਦਸਤਖ਼ਤ ਕਰ ਦਿੱਤੇ, ''ਨੈਪੋਲਿਅਨ।''

ਆਪਣੇ ਪਾਪ ਦੇ ਕਰਜ਼ੇ ਅਤੇ ਮੁਕਤੀ ਲਈ ਸਖ਼ਤ ਲੋੜ ਨੂੰ ਵੇਖ ਕੇ ਅਸੀਂ ਵੀ ਪੁਕਾਰਦੇ ਹਾਂ, ''ਐਨਾ ਕਰਜ਼ਾ ਕੌਣ ਚੁਕਾਏਗਾ?'' ਜਿਹੜਾ ਨੈਪੋਲਿਅਨ ਤੋਂ ਵੀ ਵੱਡਾ ਹੈ, ਉਸ ਨੇ ਜਵਾਬ ਦਿੱਤਾ ਹੈ, ''ਮੈਂ ਚੁਕਾਵਾਂਗਾ।'' ਸੰਸਾਰ ਦੇ ਮੁਕਤੀਦਾਤੇ ਯਿਸੂ ਨੇ ਸਲੀਬ ਤੇ ਆਪਣੀ ਮੌਤ ਦੇ ਰਾਹੀਂ ਸਾਡੇ ਸੰਪੂਰਣ ਛੁਟਕਾਰੇ ਦੀ ਪੇਸ਼ਕਸ਼ ਕੀਤੀ ਹੈ।

ਬਾਈਬਲ ਸਾਫ਼ ਦੱਸਦੀ ਹੈ ਕਿ ਯਿਸੂ ਹੀ ਸਾਡਾ ਇੱਕੋ ਇਕ ਮੁਕਤੀ ਦਾਤਾ ਹੈ। ਪਤਰਸ ਨੇ ਕਿਹਾ, ''ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ'' (ਰਸੂਲਾਂ ਦੇ ਕੰਮ 4:12)। ਜੇ ਤੁਸੀਂ ਆਪਣੇ ਪਾਪਾਂ ਤੋਂ ਬਚਾਏ ਜਾਣਾ ਚਾਹੁੰਦੇ ਹੋ ਤਾਂ ਜੋ ਤੁਸੀਂ ਕਬੂਲੇ ਜਾਣ ਯੋਗ ਹੋ ਕੇ ਪ੍ਰਮੇਸ਼ਵਰ ਦੇ ਸਾਹਮਣੇ ਖਲੋ ਸਕੋ, ਤਾਂ ਤੁਹਾਡੇ ਲਈ ਮਸੀਹ ਦੇ ਕੋਲ ਆਉਣਾ ਜ਼ਰੂਰੀ ਹੈ (ਯੂਹੰਨਾ 14:6; ਮਰਕੁਸ 16:16)। ਪਵਿੱਤਰ ਬਾਈਬਲ ਦੇ ਮੁਤਾਬਕ ਉਹ ਸਾਡਾ ਮੁਕਤੀਦਾਤਾ ਹੈ।

## ਮਸੀਹ ਦੇ ਰੂਪ ਵਿਚ

ਦੂਜਾ, ਯਿਸੂ ਨੂੰ ''ਖ੍ਰਿਸਟ ਜਾਂ ਖ੍ਰਿਸਟੁਸ'' ਕਿਹਾ ਗਿਆ ਹੈ, ਜਿਹਦਾ ਮਤਲਬ ''ਅਭਿਸ਼ਿਕਤ, ਮਸਹ ਕੀਤਾ ਹੋਇਆ ਜਾਂ ਚੁਣਿਆ ਹੋਇਆ'' ਹੈ। ਯੂਨਾਨੀ ਭਾਸ਼ਾ ਦਾ ''ਖ੍ਰਿਸਟੁਸ'' ਸਬਦ ਇਬਰਾਨੀ ਭਾਸ਼ਾ ਦੇ ''ਮਸੀਹਾ'' ਵਾਂਗ ਹੀ ਹੈ। ਨਵੇਂ ਨੇਮ ਵਿਚ ਯਿਸੂ ਦੀ ਪਛਾਣ ਕਰਵਾਉਂਦੇ ਹੋਏ ਦੱਸਿਆ ਗਿਆ ਹੈ ਕਿ ਇਹ ਪ੍ਰਮੇਸ਼ਵਰ ਦਾ ਉਹੀ ਚੁਣਿਆ ਹੋਇਆ ਹੈ, ਜਿਸਦਾ ਵਾਅਦਾ ਕੀਤਾ ਗਿਆ ਸੀ।

ਨਬੀਆਂ ਨੇ ਭਵਿੱਖਬਾਣੀਆਂ ਕੀਤੀਆਂ ਸਨ ਕਿ ਪ੍ਰਮੇਸ਼ਵਰ ਦਾ ਇਕ ਖ਼ਾਸ ਸੇਵਕ ਆਉਣ ਵਾਲਾ ਹੈ:

> ਸਾਡੇ ਲਈ ਤਾਂ ਇਕ ਬਾਲਕ ਜੰਮਿਆ, ਅਤੇ ਸਾਨੂੰ ਇਕ ਪੁੱਤਰ ਬਖ਼ਸ਼ਿਆ ਗਿਆ, ਰਾਜ ਉਹਦੇ ਮੋਢੇ ਉੱਤੇ ਹੋਵੇਗਾ, ਅਤੇ ਉਹ ਦਾ ਨਾਮ ਇਉਂ ਸੱਦਿਆ ਜਾਵੇਗਾ ''ਅਚਰਜ ਸਲਾਹੂ, ਸ਼ਕਤੀਮਾਨ ਪ੍ਰਮੇਸ਼ਵਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜ ਕੁਮਾਰ''। ਉਹ ਦੇ ਰਾਜ ਦੀ ਤਰੱਕੀ, ਅਤੇ ਸਲਾਮਤੀ ਦੀ ਕੋਈ ਹੱਦ ਨਾ ਹੋਵੇਗੀ ਦਾਊਦ ਦੀ ਰਾਜ-ਗੱਦੀ ਉੱਤੇ, ਅਤੇ ਉਹ ਦੀ ਪਾਤਸ਼ਾਹੀ ਉੱਤੇ, ਭਈ ਉਹ ਉਸ ਨੂੰ ਕਾਇਮ ਕਰੇ, ਅਤੇ ਨਿਆਉਂ ਤੇ ਧਰਮ ਨਾਲ ਉਹ ਨੂੰ ਹੁਣ ਤੋਂ ਯੁੱਗੋ-ਯੁੱਗ ਸੰਭਾਲੇ। ਸੈਨਾਂ ਦੇ ਯਹੋਵਾਹ ਦੀ ਅਣਖ ਇਹ ਕਰੇਗੀ (ਯਸਾਯਾਹ 9:6, 7)।

ਮੀਕਾਹ ਨੇ ਭਵਿੱਖਬਾਣੀ ਕੀਤੀ ਸੀ, ''ਹੇ ਬੈਤਲਹਮ ਅਫ਼ਰਾਥਾਹ, ਤੂੰ ਜੋ ਯਹੂਦਾ ਦੇ ਹਜ਼ਾਰਾਂ ਵਿਚ ਛੋਟਾ ਹੈਂ, ਤੈਥੋਂ ਇਕ ਮੇਰੇ ਲਈ ਨਿੱਕਲੇਗਾ ਜੋ ਇਸਰਾਏਲ ਵਿਚ ਹਾਕਮ ਹੋਵੇਗਾ, ਇਹਦਾ ਨਿੱਕਲਣਾ ਪਰਾਚੀਨ ਸਮੇਂ ਤੋਂ ਸਗੋਂ ਅਨਾਦੀ ਕਾਲ ਤੋਂ ਹੈ'' (ਮੀਕਾਹ 5:2)। ਨਵਾਂ ਨੇਮ ਸਾਬਤ ਕਰਦਾ ਹੈ ਕਿ ਜਿਸ ਦੇ ਆਉਣ ਦੀਆਂ ਭਵਿੱਖਬਾਣੀਆਂ ਕੀਤੀਆਂ ਗਈਆਂ ਸਨ ਉਹ ਯਿਸੂ ਹੀ ਸੀ ਅਤੇ ਉਹ ਆ ਚੁੱਕਿਆ ਹੈ।

ਧਰਤੀ ਤੇ ਆਪਣੀ ਸੇਵਕਾਈ ਦੇ ਅਖ਼ੀਰ ਵਿਚ, ਯਿਸੂ ਆਪਣੇ ਚੇਲਿਆਂ ਦੇ ਨਾਲ ਕੈਸਰੀਆ ਫ਼ਿਲਿੱਪੀ ਨੂੰ ਜਾ ਰਿਹਾ ਸੀ। ਰਾਹ ਵਿਚ ਯਿਸੂ ਨੇ ਆਪਣੇ ਚੇਲਿਆਂ ਨੂੰ ਪੁੱਛਿਆ ''ਲੋਕ ਮਨੁੱਖ ਦੇ ਪੁੱਤਰ ਨੂੰ ਕੀ ਆਖਦੇ ਹਨ?'' ਉਹਦੇ ਚੇਲਿਆਂ ਨੇ ਉੱਤਰ ਦਿੱਤਾ, ''ਕਈ ਤਾਂ ਯੂਹੰਨਾ ਬਪਤਿਸਮਾ ਦੇਣ ਵਾਲਾ ਕਹਿੰਦੇ ਹਨ ਅਤੇ ਕਈ ਏਲੀਆਹ ਅਤੇ ਕਈ ਯਿਰਮਿਯਾਹ

ਯਾ ਨਬੀਆਂ ਵਿੱਚੋਂ ਕੋਈ'' (ਮੱਤੀ 16:13, 14)। ਉਨ੍ਹਾਂ ਦੇ ਜਵਾਬ ਤੋਂ ਬਾਅਦ, ਯਿਸੂ ਨੇ ਫੇਰ ਪੁੱਛਿਆ, ''ਪਰ ਤੁਸੀਂ ਮੈਨੂੰ ਕੀ ਕਹਿੰਦੇ ਹੋ?'' ਪਤਰਸ ਨੇ ਜਵਾਬ ਦਿੱਤਾ, ''ਤੂੰ ਮਸੀਹ ਜੀਉਂਦੇ ਪ੍ਰਮੇਸ਼ਵਰ ਦਾ ਪੁੱਤਰ ਹੈਂ'' (ਮੱਤੀ 16:15, 16)। ਯਿਸੂ ਨੇ ਉਸ ਜਵਾਬ ਲਈ ਪਤਰਸ ਨੂੰ ਵਧਾਈ ਦਿੰਦਿਆਂ ਕਿਹਾ, ''ਧੰਨ ਹੈਂ ਤੂੰ ਸ਼ਮਊਨ ਬਰ-ਯੋਨਾਹ ਕਿਉਂ ਜੋ ਸਰੀਰ ਅਤੇ ਲਹੂ ਨੇ ਨਹੀਂ ਸਗੋਂ ਮੇਰੇ ਪਿਤਾ ਨੇ ਜਿਹੜਾ ਸਵਰਗ ਵਿਚ ਹੈ ਇਹ ਗੱਲ ਤੇਰੇ ਉੱਤੇ ਪ੍ਰਗਟ ਕੀਤੀ'' (ਮੱਤੀ 16:17)। ਦੂਜੇ ਸ਼ਬਦਾਂ ਵਿਚ, ਯਿਸੂ ਆਖ ਰਿਹਾ ਸੀ, ''ਪਤਰਸ, ਤੂੰ ਇਸ ਸਿੱਟੇ ਤੇ ਕਿਸੇ ਇਨਸਾਨ ਦੇ ਕਹਿਣ ਤੇ ਨਹੀਂ ਪੁੱਜਿਆ। ਤੈਨੂੰ ਇਹ ਜਵਾਬ ਸਵਰਗ ਦੇ ਪ੍ਰਮੇਸ਼ਵਰ ਵੱਲੋਂ ਮਿਲਿਆ ਹੈ।'' ਇਹ ਰੱਬੀ ਪ੍ਰਕਾਸ਼ਨ ਸੀ, ਕਿਸੇ ਆਦਮੀ ਦਾ ਤੁੱਕਾ ਨਹੀਂ ਸੀ।

ਨਵਾਂ ਨੇਮ, ਯਿਸੂ ਬਾਰੇ ਜੋ ਕੁਝ ਵੀ ਦੱਸਦਾ ਹੈ ਉਸ ਤੇ ਵਿਚਾਰ ਕਰੋ। ਜਦ ਇਹ ਉਸ ਨੂੰ ''ਖ੍ਰਿਸਟੁਸ'' ਆਖਦਾ ਹੈ ਤਾਂ ਇਹੀ ਦੱਸਦਾ ਹੈ ਕਿ ਉਹ ਪ੍ਰਮੇਸ਼ਵਰ ਦਾ ਖ਼ਾਸ ਚੁਣਿਆ ਹੋਇਆ ਹੈ। ਉਹ ਕਿਸੇ ਦੇ ਅੱਗੇ ਆਉਣ ਵਾਲਾ ਦੂਤ ਨਹੀਂ, ਸਗੋਂ ਖ਼ੁਦ ਮਸੀਹ ਹੈ। ਉਸ ਨੇ ਚੁਣੇ ਹੋਏ ਦੇ ਆਉਣ ਦੀ ਭਵਿੱਖਬਾਣੀ ਨਹੀਂ ਕੀਤੀ; ਸਗੋ ਉਹ ਤਾਂ ਆਪ ਉਸ ਚੁਣੇ ਹੋਏ ਦੇ ਸਬੰਧ ਵਿਚ ਸਾਰੀ ਭਵਿੱਖਬਾਣੀ ਦਾ ਪੂਰਾ ਹੋਣਾ ਸੀ। ਉਹ ਉਸ ਚੁਣੇ ਹੋਏ ਦੇ ਨਾਲ ਸਬੰਧਿਤ ਨਹੀਂ, ਸਗੋਂ ਖ਼ੁਦ ਚੁਣਿਆ ਹੋਇਆ ਸੀ।

## ਪ੍ਰਮੇਸ਼ਵਰ ਦੇ ਪੁੱਤਰ ਦੇ ਰੂਪ ਵਿਚ

ਤੀਜਾ, ਨਵੇਂ ਨੇਮ ਵਿਚ ਯਿਸੂ ਨੂੰ ਪ੍ਰਮੇਸ਼ਵਰ ਦੇ ਪੁੱਤਰ ਦੇ ਰੂਪ ਵਿਚ ਵਿਖਾਇਆ ਗਿਆ ਹੈ, ਜੋ ਖ਼ੁਦਾਈ ਦਾ ਦੂਜਾ ਜੀਅ ਹੈ।

ਯੂਹੰਨਾ ਬਪਤਿਸਮਾ ਦੇਣ ਵਾਲੇ ਨੂੰ ਪ੍ਰਮੇਸ਼ਵਰ ਨੇ ਧਰਤੀ ਤੇ ਯਿਸੂ ਦੀ ਸੇਵਕਾਈ ਵਾਸਤੇ ਰਾਹ ਤਿਆਰ ਕਰਨ ਲਈ ਚੁਣਿਆ ਸੀ। ਉਸ ਨੇ ਇਹ ਸੇਵਕਾਈ ਤੌਬਾ ਦਾ ਪ੍ਰਚਾਰ ਕਰਕੇ ਅਤੇ ਪਾਪਾਂ ਦੀ ਮਾਫ਼ੀ ਲਈ ਤੌਬਾ ਦਾ ਬਪਤਿਸਮਾ ਦੇ ਕੇ ਪੂਰੀ ਕੀਤੀ (ਮਰਕੁਸ 1:4)। ਜਿਨ੍ਹਾਂ ਲੋਕਾਂ ਨੇ ਉਸਦੇ ਸੁਨੇਹੇ ਨੂੰ ਮੰਨ ਲਿਆ, ਯੂਹੰਨਾ ਨੇ ਉਨ੍ਹਾਂ ਨੂੰ ਆਉਣ ਵਾਲੇ ਮਸੀਹ ਬਾਰੇ ਦੱਸਿਆ। ਤੌਬਾ ਕਰਕੇ ਅਤੇ ਬਪਤਿਸਮਾ ਲੈ ਕੇ ਲੋਕ ਮਸੀਹ ਦੇ ਆਉਣ ਤੇ ਉਸ ਨੂੰ ਗ੍ਰਹਿਣ ਕਰਨ ਦੀ ਰਾਹ ਵੇਖ ਰਹੇ ਸਨ (ਰਸੂਲਾਂ ਦੇ ਕੰਮ 19:4)। ਜਦ ਯੂਹੰਨਾ ਨੂੰ ਪ੍ਰਮੇਸ਼ਵਰ ਵੱਲੋਂ ਦਿੱਤਾ ਗਿਆ ਪ੍ਰਚਾਰ ਦਾ ਕੰਮ ਪੂਰਾ ਹੋ ਗਿਆ ਤਾਂ ਸਾਰੇ ਯਹੂਦੀਆ ਅਤੇ ਯਰਦਨ ਨਦੀ ਦੇ ਆਲੇ ਦੁਆਲੇ ਦੇ ਪੂਰੇ ਦੇਸ਼ ਦੇ ਲੋਕ ਉਹਦੇ ਕੋਲ ਗਏ ਅਤੇ ਉਸ ਤੋਂ ਬਪਤਿਸਮਾ ਲੈਣ ਲੱਗੇ (ਮੱਤੀ 3:5)। ਇਕ ਦਿਨ ਜਦ ਯੂਹੰਨਾ ਲੋਕਾਂ ਨੂੰ ਦਰਿਆ ਵਿਚ ਬਪਤਿਸਮਾ ਦੇ ਰਿਹਾ ਸੀ, ਤਾਂ ਯਿਸੂ ਵੀ ਯਰਦਨ ਦੇ ਕੰਢੇ ਤੇ ਆ ਗਿਆ। ਯੂਹੰਨਾ ਨੂੰ ਉਸ ਸਮੇਂ ਤਕ ਪੱਕਾ ਪਤਾ ਨਹੀਂ ਸੀ ਕਿ ਯਿਸੂ ਹੀ ਮਸੀਹ ਹੈ (ਯੂਹੰਨਾ 1:29-31)। ਪਰ ਉਹਨੂੰ ਐਨਾ ਪਤਾ ਸੀ ਕਿ ਯਿਸੂ ਉਸ ਨਾਲੋਂ ਵੱਡਾ ਹੈ। ਇਸ ਲਈ ਉਹ ਯਿਸੂ ਨੂੰ ਕਹਿਣਾ ਚਾਹ ਰਿਹਾ ਸੀ ਕਿ ''ਮੈਨੂੰ ਤਾਂ ਤੈਥੋਂ ਬਪਤਿਸਮਾ ਲੈਣ ਦੀ ਲੋੜ ਹੈ ਪਰ ਤੂੰ ਮੈਥੋਂ ਬਪਤਿਸਮਾ ਲੈਣਾ ਚਾਹੁੰਦਾ ਹੈ?'' ਯਿਸੂ ਨੇ ਕਿਹਾ ''ਹੁਣ ਹੋਣ ਦੇ ਕਿਉਂਕਿ ਸਾਨੂੰ ਯੋਗ ਹੈ ਕਿ ਸਾਰੇ ਧਰਮ ਨੂੰ ਇਸੇ ਤਰ੍ਹਾਂ ਪੂਰਾ ਕਰੀਏ'' (ਮੱਤੀ 3:15)। ਯੂਹੰਨਾ ਪ੍ਰਮੇਸ਼ਵਰ ਦਾ ਕੰਮ ਕਰ ਰਿਹਾ ਸੀ। ਉਹ ਪ੍ਰਮੇਸ਼ਵਰ ਦਾ ਭੇਜਿਆ ਹੋਇਆ ਸੀ। ਯਿਸੂ ਜਦ ਇਸ ਧਰਤੀ ਤੇ ਸੀ ਤਾਂ ਉਹ ਪੂਰੀ ਤਰ੍ਹਾਂ ਨਾਲ ਪ੍ਰਮੇਸ਼ਵਰ ਦੀ ਇੱਛਾ ਨੂੰ ਪੂਰਾ ਕਰਨਾ ਚਾਹੁੰਦਾ ਸੀ। ਇਸ ਲਈ ਉਸ ਨੇ ਆਗਿਆਕਾਰ ਰਹਿ ਕੇ ਯੂਹੰਨਾ ਤੋਂ ਬਪਤਿਸਮਾ ਲਿਆ-ਇਸ ਲਈ ਨਹੀਂ ਕਿ ਉਸ ਨੇ ਪਾਪ ਕੀਤੇ ਸਨ ਜਿਨ੍ਹਾਂ ਲਈ ਉਸ ਨੂੰ ਮਾਫ਼ੀ ਦੀ ਲੋੜ ਹੋਵੇ ਜਾਂ ਉਸ ਨੂੰ ਤੌਬਾ ਦੀ ਲੋੜ ਹੋਵੇ ਜਾਂ

ਉਸ ਨੂੰ ਮਸੀਹਾ ਦੇ ਆਉਣ ਤੇ ਉਸ ਨੂੰ ਗ੍ਰਹਿਣ ਕਰਨ ਦੀ ਲੋੜ ਹੋਵੇ। ਉਹ ਤਾਂ ਖ਼ੁਦ ਮਸੀਹ ਸੀ, ਪਰ ਉਸ ਨੇ ਪ੍ਰਮੇਸ਼ਵਰ ਦੀ ਇੱਛਾ ਅਤੇ ਸਾਰੇ ਧਰਮ ਨੂੰ ਪੂਰਾ ਕਰਨ ਲਈ ਯੂਹੰਨਾ ਤੋਂ ਬਪਤਿਸਮਾ ਲਿਆ।

ਡੁਬਕੀ ਦੇਣ ਦੇ ਬਾਅਦ ਜਦ ਯੂਹੰਨਾ ਨੇ ਯਿਸੂ ਨੂੰ ਪਾਣੀ ਵਿੱਚੋਂ ਬਾਹਰ ਕੱਢਿਆ, ਤਾਂ ਪ੍ਰਮੇਸ਼ਵਰ ਦਾ ਆਤਮਾ ਕਬੂਤਰ ਵਾਂਗ ਉਸ ਉੱਤੇ ਉੱਤਰਿਆ। ਇਹ ਚਮਤਕਾਰੀ ਘਟਨਾ ਵੇਖ ਕੇ ਯੂਹੰਨਾ ਨੂੰ ਪਤਾ ਲੱਗ ਗਿਆ ਕਿ ਯਿਸੂ ਹੀ ਉਹ ਮਸੀਹ ਹੈ (ਯੂਹੰਨਾ 1:32-34)। ਫਿਰ ਅਸਮਾਨ ਤੋਂ ਇਕ ਅਵਾਜ਼ ਆਈ, ਜੋ ਪ੍ਰਮੇਸ਼ਵਰ ਦੀ ਹੀ ਸੀ। ਉਹ ਕਹਿ ਰਿਹਾ ਸੀ, ''ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪ੍ਰਸੰਨ ਹਾਂ'' (ਮੱਤੀ 3:17)। ਨਵੇਂ ਨੇਮ ਦੀਆਂ ਇਨ੍ਹਾਂ ਆਇਤਾਂ ਵਿਚ, ਦਿੱਤੀ ਗਈ ਪ੍ਰਮੇਸ਼ਵਰ ਦੀ ਗਵਾਹੀ ਵਿਚ ਦੱਸਿਆ ਗਿਆ ਕਿ ਯਿਸੂ ਉਸ ਦਾ ਪੁੱਤਰ ਹੈ।

ਯੂਹੰਨਾ ਰਸੂਲ ਨੇ ਸਾਨੂੰ ਕਿਹਾ ਕਿ ਯਿਸੂ ਦੇ ਪ੍ਰਮੇਸ਼ਵਰ ਦਾ ਪੁੱਤਰ ਹੋਣ ਦੀਆਂ ਸਾਨੂੰ ਤਿੰਨ ਗਵਾਹੀਆਂ ਦਿੱਤੀਆਂ ਗਈਆਂ ਹਨ। ਉਸ ਨੇ ਕਿਹਾ, ''ਕਿਉਂ ਜੋ ਤਿੰਨ ਹਨ ਜਿਹੜੇ ਸਾਖੀ ਦਿੰਦੇ ਹਨ ਅਰਥਾਤ ਆਤਮਾ ਅਤੇ ਪਾਣੀ ਅਤੇ ਲਹੂ, ਅਤੇ ਇਹ ਤਿੰਨੇ ਸਹਿਮਤ ਹਨ'' (1 ਯੂਹੰਨਾ 5:7, 8)। ਯਿਸੂ ਦੇ ਬਪਤਿਸਮੇ ਦੇ ਬਾਅਦ ਉਸ ਤੇ ਕਬੂਤਰ ਵਾਂਗ ਉੱਤਰ ਕੇ ਪਵਿੱਤਰ ਆਤਮਾ ਗਵਾਹੀ ਦਿੰਦਾ ਹੈ ਕਿ ਉਹ ਪ੍ਰਮੇਸ਼ਵਰ ਦਾ ਪੁੱਤਰ ਹੀ ਹੈ। ਇੰਜੀਲ ਦੀਆਂ ਕਿਤਾਬਾਂ ਵਿਚ ਹੋਰ ਥਾਂਵਾਂ ਤੇ ਵੀ ਪਵਿੱਤਰ ਆਤਮਾ ਨੇ ਇਹੀ ਗਵਾਹੀ ਦਿੱਤੀ। ''ਪਾਣੀ'' ਯਕੀਨਨ ਹੀ ਯਿਸੂ ਦੇ ਬਪਤਿਸਮੇ ਦਾ ਪ੍ਰਤੀਕ ਹੈ, ਜਦ ਪਿਤਾ ਨੇ ਅਕਾਸ਼ ਤੋਂ ਕਿਹਾ ਕਿ ਯਿਸੂ ਉਸ ਦਾ ਪੁੱਤਰ ਹੈ। ''ਲਹੂ'' ਜਿਸ ਦੀ ਗੱਲ ਯੂਹੰਨਾ ਨੇ ਕੀਤੀ, ਉਹ ਯਿਸੂ ਦੀ ਮੌਤ ਦਾ ਪ੍ਰਤੀਕ ਹੋਵੇਗਾ। ਯਿਸੂ ਦੇ ਸਲੀਬ ਚੜ੍ਹਾਏ ਜਾਣ ਸਮੇਂ ਚਮਤਕਾਰੀ ਘਟਨਾਵਾਂ ਨੇ ਯਿਸੂ ਦੇ ਉੱਪਰੋਂ ਹੋਣ ਦੀ ਗਵਾਹੀ ਦਿੱਤੀ। ਯੂਹੰਨਾ ਨੇ ਕਿਹਾ, ''ਜਦੋਂ ਅਸੀਂ ਮਨੁੱਖ ਦੀ ਸਾਖੀ ਮੰਨ ਲੈਂਦੇ ਹਾਂ ਤਾਂ ਪ੍ਰਮੇਸ਼ਵਰ ਦੀ ਸਾਖੀ ਉਸ ਨਾਲੋਂ ਵੱਡੀ ਹੈ ਕਿਉਂ ਜੋ ਪ੍ਰਮੇਸ਼ਵਰ ਦੀ ਸਾਖੀ ਇਹ ਹੈ ਭਈ ਉਹ ਨੇ ਆਪਣੇ ਪੁੱਤਰ ਦੇ ਵਿਖੇ ਸਾਖੀ ਦਿੱਤੀ ਹੈ'' (1 ਯੂਹੰਨਾ 5:9)। ਜੇ ਤਿੰਨ ਭਲੇ ਮਾਣਸ ਮਿਲ ਕੇ ਕਿਸੇ ਗੱਲ ਦੇ ਸੱਚ ਹੋਣ ਦੀ ਤਸਦੀਕ ਕਰਨ ਤਾਂ ਅਸੀਂ ਉਨ੍ਹਾਂ ਦੀ ਗਵਾਹੀ ਨੂੰ ਮੰਨ ਲੈਂਦੇ ਹਾਂ। ਇਸੇ ਤਰ੍ਹਾਂ ਹਰ ਦੇਸ਼ ਦੀ ਅਦਾਲਤ ਵਿਚ ਵੀ ਹੁੰਦਾ ਹੋਵੇਗਾ। ਫਿਰ ਕਿੰਨਾ ਵਧੀਕ ਸਾਨੂੰ ਪ੍ਰਮੇਸ਼ਵਰ ਦੀ ਗਵਾਹੀ ਨੂੰ ਮੰਨ ਲੈਣਾ ਚਾਹੀਦਾ ਹੈ। ਉਸ ਨੇ ਆਪਣੇ ਪੁੱਤਰ ਦੀ ਗਵਾਹੀ ਦਿੱਤੀ ਹੈ, ਇਹ ਆਤਮਾ (ਉਸ ਦੇ ਬਪਤਿਸਮੇ ਸਮੇਂ ਕਬੂਤਰ ਵਾਂਗ), ਪਾਣੀ (ਜਦ ਉਸ ਦੇ ਬਪਤਿਸਮੇ ਸਮੇਂ ਪਿਤਾ ਦੀ ਅਵਾਜ਼ ਸੁਣੀ ਗਈ), ਅਤੇ ਲਹੂ (ਉਸ ਦੀ ਮੌਤ ਸਮੇਂ ਹੋਏ ਮੋਅਜਜ਼ੇ) ਦੀ ਗਵਾਹੀ ਹੈ।

ਯਿਸੂ ਕੌਣ ਹੈ? ਇਸ ਸਵਾਲ ਦੇ ਜਵਾਬ ਲਈ ਬਾਈਬਲ ਕੋਈ ਸ਼ੱਕ ਨਹੀਂ ਰਹਿਣ ਦਿੰਦੀ। ਨਵਾਂ ਨੇਮ ਸਾਫ਼ ਦੱਸਦਾ ਹੈ ਕਿ ਯਿਸੂ ਪ੍ਰਮੇਸ਼ਵਰ ਦਾ ਪੁੱਤਰ ਹੈ। ਯਿਸੂ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਯਿਸੂ ਨੂੰ ਨਜ਼ਰਅੰਦਾਜ਼ ਕਰਨ ਦਾ ਮਤਲਬ ਪ੍ਰਮੇਸ਼ਵਰ ਨੂੰ ਨਜ਼ਰਅੰਦਾਜ਼ ਕਰਨਾ ਹੈ।

## ਪ੍ਰਭੂ ਦੇ ਰੂਪ ਵਿਚ

ਚੌਥਾ, ਨਵਾਂ ਨੇਮ ਯਿਸੂ ਨੂੰ ''ਪ੍ਰਭੂ'' ਦੱਸਦਾ ਹੈ। ਉਹ ਸਾਡਾ ਸਭ ਤੋਂ ਵੱਡਾ ਹਾਕਮ ਹੈ, ਜਿਸ ਨੂੰ ਪ੍ਰਮੇਸ਼ਵਰ ਵੱਲੋਂ ਪੂਰਾ ਇਖ਼ਤਿਆਰ ਮਿਲਿਆ ਹੈ।

ਮੁਰਦਿਆਂ ਵਿੱਚੋਂ ਜੀ ਉੱਠਣ ਦੇ ਬਾਅਦ ਯਿਸੂ ਨੇ ਚੇਲਿਆਂ ਨੂੰ ਦਰਸ਼ਣ ਦੇ ਕੇ ਇਹ ਜ਼ਾਹਰ ਕੀਤਾ ਕਿ ਉਹ ਸੱਚਮੁੱਚ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ। ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ:

ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ। ਇਸ ਲਈ ਤੁਸੀਂ ਜਾ ਕੇ ਸਾਰੀਆਂ ਕੌਮਾਂ ਨੂੰ ਚੇਲੇ ਬਣਾਓ ਅਤੇ ਉਨ੍ਹਾਂ ਨੂੰ ਪਿਤਾ ਅਤੇ ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਵਿਚ ਬਪਤਿਸਮਾ ਦਿਓ। ਅਰ ਉਨ੍ਹਾਂ ਨੂੰ ਸਿਖਾਓ ਭਈ ਉਨ੍ਹਾਂ ਸਾਰੀਆਂ ਗੱਲਾਂ ਦੀ ਪਾਲਣਾ ਕਰਨ ਜਿਨ੍ਹਾਂ ਦਾ ਮੈਂ ਤੁਹਾਨੂੰ ਹੁਕਮ ਦਿੱਤਾ ਹੈ ਅਤੇ ਵੇਖੋ ਮੈਂ ਯੁੱਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ (ਮੱਤੀ 28:18-20)।

ਪਿਤਾ ਕੋਲ ਯਿਸੂ ਦੇ ਉੱਪਰ ਉਠਾਏ ਜਾਣ ਦੇ ਦਸ ਦਿਨ ਬਾਅਦ, ਰਸੂਲਾਂ ਉੱਤੇ ਪਵਿੱਤਰ ਆਤਮਾ ਵਹਾਇਆ ਗਿਆ। ਉਸ ਦਿਨ, ਜੋ ਕਿ ਪੈਂਟੀਕਾਸਟ ਦਾ ਦਿਨ ਸੀ, ਉੱਥੇ ਇਕੱਠੀ ਹੋਈ ਵੱਡੀ ਭੀੜ ਵਿਚ ਪਤਰਸ ਨੇ ਪ੍ਰਚਾਰ ਕੀਤਾ। ਉਸ ਨੇ ਉਹ ਸਬੂਤ ਦਿੱਤਾ ਜਿਸ ਨਾਲ ਇਹ ਸਾਬਤ ਹੁੰਦਾ ਹੈ ਕਿ ਯਿਸੂ ਹੀ ਮਸੀਹ ਹੈ। ਆਪਣੇ ਉਪਦੇਸ਼ ਦੇ ਅਖ਼ੀਰ ਤੇ ਪਹੁੰਚ ਕੇ ਉਸ ਨੇ ਆਪਣੇ ਸੁਣਨ ਵਾਲਿਆਂ ਨੂੰ ਇਹ ਨਿਚੋੜ ਕੱਢਣ ਲਈ ਕਿਹਾ ਕਿ ਪ੍ਰਮੇਸ਼ਵਰ ਨੇ ਯਿਸੂ ਨੂੰ ''ਪ੍ਰਭੂਵੀ ਅਤੇ ਮਸੀਹ ਵੀ ਕੀਤਾ'' ਹੈ (ਰਸੂਲਾਂ ਦੇ ਕੰਮ 2:36)। ਇਹ ਸਮਝਾਉਣ ਦੇ ਬਾਅਦ ਕਿ ਯਿਸੂ ਕਿਵੇਂ ਹਲੀਮ ਹੋ ਕੇ ਮਨੁੱਖ ਬਣਿਆ ਅਤੇ ਮੌਤ ਤੱਕ ਆਗਿਆਕਾਰ ਰਿਹਾ, ਪੌਲੁਸ ਨੇ ਲਿਖਿਆ ਹੈ:

ਇਸ ਕਾਰਣ ਪ੍ਰਮੇਸ਼ਵਰ ਨੇ ਵੀ ਉਸ ਨੂੰ ਅੱਤ ਉੱਚਿਆਂ ਕੀਤਾ ਅਤੇ ਉਸ ਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ। ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ ਹੇਠਲਿਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ। ਅਤੇ ਹਰ ਜ਼ਬਾਨ ਪ੍ਰਮੇਸ਼ਵਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ (ਫ਼ਿਲਿੱਪੀਆਂ 2:9-11)!

ਯਿਸੂ ਦੇ ਸਬੰਧ ਵਿਚ ਪੌਲੁਸ ਨੇ ਇਹ ਵੀ ਲਿਖਿਆ, ''ਅਤੇ ਸੱਭੋ ਕੁਝ ਉਸ ਦੇ ਪੈਰਾਂ ਹੇਠ ਕਰ ਦਿੱਤਾ ਅਤੇ ਸਭਨਾਂ ਵਸਤਾਂ ਉੱਤੇ ਸਿਰ ਬਣਨ ਲਈ ਉਸ ਨੂੰ ਕਲੀਸੀਆ ਲਈ ਦੇ ਦਿੱਤਾ। ਇਹ ਉਸ ਦੀ ਦੇਹ ਹੈ ਅਰਥਾਤ ਉਸ ਦੀ ਭਰਪੂਰੀ ਜਿਹੜਾ ਸਭਨਾਂ ਵਿਚ ਸੱਭੋ ਕੁਝ ਭਰਦਾ ਹੈ'' (ਅਫ਼ਸੀਆਂ 1:22, 23)।

ਨਵੇਂ ਨੇਮ ਮੁਤਾਬਕ ਯਿਸੂ ਦੇ ਸਾਡਾ ਪ੍ਰਭੂ ਹੋਣ ਤੋਂ ਕੀ ਭਾਵ ਹੈ? ਵਿਹਾਰਕ ਤੌਰ ਤੇ ਇਸ ਤੋਂ ਭਾਵ ਹੈ ਕਿ ਅਸੀਂ ਉਸ ਦੇ ਅੱਗੇ ਸਮਰਪਤ ਹੋਈਏ। ਯਿਸੂ ਨੇ ਕਿਹਾ, ''ਤੁਸੀਂ ਮੈਨੂੰ ਪ੍ਰਭੂ ਪ੍ਰਭੂ ਕਰਕੇ ਕਿਉਂ ਪੁਕਾਰਦੇ ਹੋ ਪਰ ਜੋ ਮੈਂ ਕਹਿੰਦਾ ਹਾਂ ਸੋ ਨਹੀਂ ਕਰਦੇ'' (ਲੂਕਾ 6:46)। ਉਸ ਨੇ ਇਹ ਵੀ ਕਿਹਾ, ''ਨਾ ਹਰੇਕ ਜਿਹੜਾ ਮੈਨੂੰ ਪ੍ਰਭੂ! ਪ੍ਰਭੂ! ਕਹਿੰਦਾ ਹੈ ਸੁਰਗ ਦੇ ਰਾਜ ਵਿਚ ਵੜੇਗਾ ਬਲਕਿ ਉਹੋ ਜੋ ਮੇਰੇ ਸੁਰਗੀ ਪਿਤਾ ਦੀ ਮਰਜ਼ੀ ਉੱਤੇ ਚੱਲਦਾ ਹੈ'' (ਮੱਤੀ 7:21)। ਕੀ ਤੁਸੀਂ ਮਸੀਹ ਦੀਆਂ ਸਿੱਖਿਆਵਾਂ ਦੇ ਅਧੀਨ ਹੋ ਕੇ ਉਨ੍ਹਾਂ ਨੂੰ ਮੰਨੋਗੇ? ਦੂਜਾ, ਇਸ ਤੋਂ ਭਾਵ ਹੈ ਕਿ ਅਸੀਂ ਆਪਣੀਆਂ ਜ਼ਿੰਦਗੀਆਂ ਵਿਚ ਵੀ ਮਸੀਹ ਨੂੰ ਪਹਿਲ ਦੇਈਏ। ਸਾਡੀ ਪੂਰੀ ਨਿਹਚਾ ਅਤੇ ਪਿਆਰ ਉਹਦੇ ਵਾਸਤੇ ਹੋਣਾ ਚਾਹੀਦਾ ਹੈ। ਸਵਰਗ ਵੱਲੋਂ ਪ੍ਰਭੂ ਦੇ ਰੂਪ ਵਿਚ ਸਿਰਫ਼ ਓਸੇ ਨੂੰ ਮਹਿਮਾ ਮਿਲੀ ਹੈ, ਸਾਡੇ ਦਿਲਾਂ ਤੇ ਵੀ ਉਹੀ ਪ੍ਰਭੂ ਰਾਜ ਕਰਦਾ ਹੋਣਾ ਚਾਹੀਦਾ ਹੈ।

ਕਿਸੇ ਨੇ ਕਿਹਾ ਹੈ, ''ਹਰ ਦਿਲ ਵਿਚ, ਇਕ ਸਲੀਬ ਹੈ ਅਤੇ ਇਕ ਤਖ਼ਤ ਹੈ। ਜੇ ਮੈਂ ਆਪਣੇ ਆਪ ਨੂੰ ਤਖ਼ਤ ਉੱਤੇ ਬਿਠਾ ਦਿਆਂ ਤਾਂ ਮਸੀਹ ਨੂੰ ਸਲੀਬ ਉੱਤੇ ਰੱਖਣਾ ਪਵੇਗਾ। ਜੇ ਮੈਂ

ਮਸੀਹ ਨੂੰ ਤਖ਼ਤ ਉੱਤੇ ਬਿਠਾ ਦਿਆਂ ਤਾਂ ਮੈਨੂੰ ਖ਼ੁਦ ਨੂੰ ਸਲੀਬ ਉੱਤੇ ਬਿਠਾਉਣਾ ਪਵੇਗਾ।'' ਜੇ ਤੁਸੀਂ ਯਿਸੂ ਦੇ ਹੋਣ ਨੂੰ ''ਹਾਂ'' ਆਖਦੇ ਹੋ, ਤਾਂ ਆਪਣੀਆਂ ਇੱਛਾਵਾਂ ਅਤੇ ਖ਼ਾਹਸ਼ਾਂ ਨੂੰ ''ਨਾਂਹ'' ਕਹਿਣਾ ਪਵੇਗਾ। ਕੋਈ ਬੰਦਾ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸਕਦਾ ਕਿਉਂਕਿ ਇਕ ਨਾਲ ਉਹ ਪ੍ਰੀਤ ਰੱਖੇਗਾ ਅਤੇ ਦੂਜੇ ਨਾਲ ਵੈਰ ਰੱਖੇਗਾ (ਮੱਤੀ 6:24)।

ਨਵਾਂ ਨੇਮ ਆਖਦਾ ਹੈ ਕਿ ਯਿਸੂ, ਪ੍ਰਭੂ ਹੈ। ਪ੍ਰਮੇਸ਼ਵਰ ਨੇ ਸਭ ਕੁਝ ਉਹਦੇ ਕਦਮਾਂ ਹੇਠ ਕਰ ਦਿੱਤਾ ਹੈ। ਉਹ ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ ਹੈ।

## ਸਾਰ

ਫਿਰ, ਯਿਸੂ ਕੌਣ ਹੈ? ਸੰਸਾਰ ਦੀ ਇੱਕੋ ਇਕ ਮੁਕੰਮਲ ਕਿਤਾਬ ਬਾਈਬਲ ਦੱਸਦੀ ਹੈ ਕਿ ਉਹ ਸਾਡਾ ਮੁਕਤੀ ਦਾਤਾ, ਮਸੀਹਾ, ਪ੍ਰਮੇਸ਼ਵਰ ਦਾ ਚੁਣਿਆ ਹੋਇਆ, ਪ੍ਰਮੇਸ਼ਵਰ ਦਾ ਪੁੱਤਰ ਅਤੇ ਮਸੀਹ ਹੈ। ਉਸ ਦੀ ਇਹੀ ਸੱਚਾਈ ਹੈ। ਇਹ ਤਸਦੀਕ ਕਰਨ ਲਈ ਕਿ ਉਹ ਕੌਣ ਹੈ ਤੁਹਾਨੂੰ ਹੋਰ ਖੋਜ ਕਰਨ ਦੀ ਲੋੜ ਨਹੀਂ ਹੈ। ਬਾਈਬਲ ਸਾਨੂੰ ਉਸ ਬਾਰੇ ਸਾਰੀ ਸੱਚਾਈ ਦੱਸਦੀ ਹੈ।

ਸੰਸਾਰ ਵਿਚ ਯਿਸੂ ਦੇ ਆਉਣ ਨਾਲ ਕੈਲੰਡਰ ਈਸਾ ਪੂਰਵ ਅਤੇ ਈਸਵੀ ਸੰਨ ਵਿਚ ਵੰਡਿਆ ਗਿਆ। ਮੱਤੀ 25:31-46 ਦੱਸਦਾ ਹੈ ਕਿ ਬਚਾਏ ਗਏ ਲੋਕਾਂ ਨੂੰ ਕੁਧਰਮੀਆਂ ਨਾਲੋਂ ਵੱਖ ਕਰਕੇ ਉਹ ਮਨੁੱਖ ਜਾਤੀ ਨੂੰ ਵੱਖ ਕਰੇਗਾ। ਪਿਲਾਤੂਸ ਨੇ ਸੋਚਿਆ ਸੀ ਕਿ ਯਿਸੂ ਉਸ ਦੇ ਸਾਹਮਣੇ ਨਿਆਂ ਲਈ ਖੜਾ ਹੈ, ਪਰ ਸੱਚਾਈ ਇਹ ਸੀ ਕਿ ਪਿਲਾਤੂਸ ਆਪ ਯਿਸੂ ਦੇ ਸਾਹਮਣੇ ਖੜਾ ਸੀ। ਸੰਸਾਰ ਦੇ ਆਖ਼ਰੀ ਦਿਨ, ਬਚਾਏ ਹੋਏ ਲੋਕ ਯਿਸੂ ਦੇ ਸਿੰਘਾਸਣ ਦੇ ਸੱਜੇ ਪਾਸੇ ਹੋਣਗੇ, ਜਦ ਕਿ ਨਾਸ ਹੋਣ ਵਾਲੇ ਲੋਕ ਉਹਦੇ ਸਿੰਘਾਸਣ ਦੇ ਖੱਬੇ ਪਾਸੇ ਹੋਣਗੇ। ਯਿਸੂ ਨੂੰ ਦਿੱਤੇ ਤੁਹਾਡੇ ਜਵਾਬ ਤੋਂ ਹੀ ਤੈਅ ਹੋਵੇਗਾ ਕਿ ਤੁਸੀਂ ਉਸ ਦੇ ਸੱਜੇ ਪਾਸੇ ਹੋਵੋਗੇ ਜਾਂ ਖੱਬੇ। ਉਹਦੇ ਸੱਜੇ ਹੱਥ ਤੁਸੀਂ ਸਿਰਫ਼ ਬਚਾਏ ਜਾਣ ਦੇ ਬਾਅਦ ਹੀ ਖੜੇ ਹੋ ਸਕਦੇ ਹੋ। ਉਸ ਨੇ ਕਿਹਾ ਹੈ, ''ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾਂ ਪਿਤਾ ਦੇ ਕੋਲ ਨਹੀਂ ਆਉਂਦਾ'' (ਯੂਹੰਨਾ 14:6)। ਜਾਂ ਤਾਂ ਤੁਸੀਂ ਯਿਸੂ ਦੇ ਰਾਹੀਂ ਪ੍ਰਮੇਸ਼ਵਰ ਦੇ ਕੋਲ ਆਓਗੇ ਜਾਂ ਹਮੇਸ਼ਾ ਲਈ ਨਾਸ ਹੋ ਜਾਓਗੇ। ਉਹ ਇਸੇ ਲਈ ਆਇਆ ਕਿ ਸਾਨੂੰ ਜੀਵਨ ਮਿਲੇ (ਯੂਹੰਨਾ 10:10) ਕਿਉਂਕਿ ਉਸ ਦੇ ਬਿਨਾਂ ਤਾਂ ਅਸੀਂ ਹਮੇਸ਼ਾ ਦੀ ਮੌਤ ਵਿਚ ਰਹਾਂਗੇ।

ਯਿਸੂ ਸੱਦਾ ਦਿੰਦਾ ਹੈ ਕਿ ਅਸੀਂ ਬਚਾਏ ਜਾਣ ਲਈ ਉਹਦੇ ਕੋਲ ਆਈਏ। ਦੂਜੇ ਧਰਮਾਂ ਦੇ ਆਗੂ ਤੁਹਾਨੂੰ ਸੱਦਾ ਦਿੰਦੇ ਹਨ ਕਿ ਤੁਸੀਂ ਉਨ੍ਹਾਂ ਦੀਆਂ ਰੀਤਾਂ ਨੂੰ ਜਾਂ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਮੰਨੋ। ਸਿਰਫ਼ ਯਿਸੂ, ਪ੍ਰਮੇਸ਼ਵਰ ਦਾ ਪੁੱਤਰ ਹੀ ਤੁਹਾਨੂੰ ਆਪਣੇ ਕੋਲ ਆਉਣ ਦਾ ਸੱਦਾ ਦੇ ਸਕਦਾ ਹੈ। ਉਸ ਨੇ ਕਿਹਾ, ''ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ'' (ਮੱਤੀ 11:28)।

## ਅਧਿਐਨ ਲਈ ਪ੍ਰਸ਼ਨ

*(ਇਸ ਦੇ ਉੱਤਰ ਅੰਤਿਕਾ 1 ਵਿਚ ਦਿੱਤੇ ਗਏ ਹਨ)*

1. ''ਮੁਕਤੀਦਾਤਾ'' ਕਿਹਨੂੰ ਕਿਹਾ ਜਾਂਦਾ ਹੈ?
2. ਯਿਸੂ ਸਭ ਤੋਂ ਨਿਰਾਲਾ ਮੁਕਤੀ ਦਾਤਾ ਕਿਵੇਂ ਹੈ?
3. ''ਖ੍ਰਿਸਟੁਸ'' ਦਾ ਕੀ ਅਰਥ ਹੈ?
4. ਸਾਨੂੰ ਕਿਵੇਂ ਪਤਾ ਹੈ ਕਿ ਯਿਸੂ ਪ੍ਰਮੇਸ਼ਵਰ ਦਾ ਪੁੱਤਰ ਹੈ?

5. 1 ਯੂਹੰਨਾ 5:7, 8 ਵਿਚ ਆਤਮਾ, ਪਾਣੀ ਅਤੇ ਲਹੂ ਕਿਸ ਨੂੰ ਕਿਹਾ ਗਿਆ ਹੈ?
6. ਰਸੂਲਾਂ ਦੇ ਕੰਮ 2 ਅਧਿਆਇ ਵਿਚ ਪਤਰਸ ਨੇ ਆਪਣੇ ਸੁਣਨ ਵਾਲਿਆਂ ਨੂੰ ਯਿਸੂ ਬਾਰੇ ਕੀ ਨਿਚੋੜ ਕੱਢਣ ਲਈ ਕਿਹਾ ਸੀ?
7. ਅਮਲੀ ਤੌਰ ਤੇ ਸਾਡੇ ਲਈ ਯਿਸੂ ਦੇ ਪ੍ਰਭੂ ਹੋਣ ਦਾ ਕੀ ਅਰਥ ਹੈ?

## ਸ਼ਬਦਾਂ ਦੇ ਅਰਥ

**ਦਾਊਦ ਦਾ ਨਗਰ**-ਬੈਤਲਹਮ।

**ਸਲੀਬ ਤੇ ਚੜ੍ਹਾਇਆ ਜਾਣਾ**-ਸਲੀਬ ਤੇ ਟੰਗ ਕੇ ਮੌਤ; ਮੌਤ ਦੇਣ ਦਾ ਰੋਮੀ ਢੰਗ। ਭਾਂਵੇਂ ਯਿਸੂ ਬੇਕਸੂਰ ਸੀ ਪਰ ਸਾਡੇ ਪਾਪਾਂ ਕਾਰਣ ਉਸ ਨੂੰ ਸੂਲੀ ਤੇ ਟੰਗਿਆ ਗਿਆ।

**ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ**-ਇਹ ਹਵਾਲਾ ਯਿਸੂ ਅਤੇ ਉਸ ਦੀ ਮਹਾਨਤਾ ਬਾਰੇ ਹੈ। ਉਹ ਹੋਰਨਾਂ ਨਾਲੋਂ ਉੱਪਰ ਹੈ।

**ਪੈਂਟੀਕਾਸਟ** (**ਪਿੰਤੇਕੁਸਤ ਦਾ ਦਿਨ**)-ਯਹੂਦੀਆਂ ਦਾ ਅਠਵਾਰਿਆਂ ਜਾਂ ਹਫ਼ਤਿਆਂ ਦਾ ਪਰਬ, ਇਸ ਨੂੰ ਫ਼ਸਲ ਦੀ ਵਾਢੀ ਦਾ ਤਿਉਹਾਰ ਵੀ ਕਿਹਾ ਜਾਂਦਾ ਸੀ; ਇਸ ਦਿਨ ਕਲੀਸੀਆ ਬਣੀ ਸੀ (ਰਸੂਲਾਂ ਦੇ ਕੰਮ 2)।

**ਸਮਰਪਣ**- ਪ੍ਰਮੇਸ਼ਵਰ ਅਤੇ ਉਸ ਦੇ ਵਚਨ ਦਾ ਹੁਕਮ ਮੰਨਣਾ।